# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ

ਮੀਮੋਨੰ:DySPD (PEDB)/2021/ 60797 ਮਿਤੀ:16.02.2021

## ਜਨਤਕ ਸੂਚਨਾ

1.0 ਪੰਜਾਬ ਸਰਕਾਰ, ਸਿੱਖਿਆ ਵਿਭਾਗ ਦੇ ਪੱਤਰ ਨੰ 11/35/2018-1edu6/1508658, ਮਿਤੀ 25.06.2019 ਰਾਹੀਂ ਅਧਿਆਪਕ ਦੀ Teachers Transfer Policy-2019 ਜਾਰੀ ਕੀਤੀ ਗਈ ਸੀ ਅਤੇ ਉਸ ਉਪਰੰਤ ਸਮੇਂ ਸਮੇਂ ਤੇ ਸੋਧਾਂ ਜਾਰੀ ਕੀਤੀਆਂ ਗਈਆਂ ਸਨ।

2.0 ਇਸ ਤੋਂ ਇਲਾਵਾ Punjab ICT Education Society (PICTES) ਅਧੀਨ ਕੰਮ ਕਰ ਰਹੇ ਕੰਪਿਊਟਰ ਫੈਕਲਟੀ ਲਈ ਤਬਾਦਲਾ ਨੀਤੀ ਮੀਮੋ ਨੰ 5/3-ICT-2019/Trans/303800, ਮਿਤੀ 13.09.2019 ਅਤੇ Education Provider, EGS/AIE/STR Volunteers ਲਈ ਤਬਾਦਲਾ ਨੀਤੀ ਮੀਮੋ ਨੰ SSA/HR/Transfer/2020/118750 ਮਿਤੀ 22.05.2020 ਜਾਰੀ ਕੀਤੀ ਗਈ ਸੀ। ਜੋ ਸ਼ੋਧਾਂ ਅਧਿਆਪਕਾਂ ਦੇ ਤਬਾਦਲਿਆਂ ਲਈ ਜਾਰੀ ਕੀਤੀਆਂ ਗਈਆਂ ਹਨ ਉਹ ਕੰਪਿਊਟਰ ਫੈਕਲਟੀ ਅਤੇ Education Provider, EGS/AIE/STR Volunteers ਤੇ ਬਦਲੀਆਂ ਲਈ ਲਾਗੂ ਹੋਣਗੀਆਂ।

3.0 ਜੋ ਅਧਿਆਪਕ, ਕੰਪਿਊਟਰ ਫੈਕਲਟੀ ਅਤੇ Education Provider, EGS/AIE/STR Volunteers ਪਾਲਿਸੀ ਅਨੁਸਾਰ ਕਵਰ ਹੁੰਦੇ ਹਨ ਉਨ੍ਹਾਂ ਦੀਆਂ ਸਿੱਖਿਆ ਵਿਭਾਗ ਵੱਲੋਂ ਮਿਤੀ 06.02.2021 ਤੋਂ 13.02.2021 ਤੱਕ ਬਦਲੀਆਂ ਲਈ online ਬੇਨਤੀਆਂ ਜਨਤਕ ਸੂਚਨਾ ਮੀਮੋ ਨੰ DySPD (PEDB)/2021/46954, ਮਿਤੀ 06.02.2021 ਰਾਹੀਂ ਜਾਰੀ ਕਰਕੇ ਮੰਗੀਆਂ ਗਈਆਂ ਸਨ।

4.0 ਪ੍ਰਾਪਤ ਪ੍ਰਤੀ ਬੇਨਤੀਆਂ ਦੀ ਵਿਭਾਗ ਵੱਲੋਂ ਪੜਤਾਲ ਕੀਤੇ ਜਾਣ ਉਪਰੰਤ ਇਹ ਵੇਖਣ ਵਿੱਚ ਆਇਆ ਹੈ ਕਿ ਬਹੁਤ ਸਾਰੇ ਦਰਖਾਸਤਕਰਤਾਵਾਂ ਵੱਲੋਂ ਪਾਲਿਸੀ ਦੀਆਂ ਮੱਦਾਂ ਅਨੁਸਾਰ ਮੁਕੰਮਲ ਵੇਰਵਿਆਂ ਦਾ ਇੰਦਰਾਜ ਨਹੀਂ ਕੀਤਾ ਗਿਆ। ਮਿਸਾਲ ਵੱਜੋਂ ਇਨ੍ਹਾਂ ਤਰੁੱਟੀਆਂ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ:-

4.1 ਦਰਖਾਸਤਕਰਤਾਵਾਂ ਵੱਲੋਂ ਆਪਣੀ ਪ੍ਰਤੀ ਬੇਨਤੀਆਂ ਸਬੰਧੀ ਵੱਖ-ਵੱਖ Modules, ਜਿਵੇਂ ਕਿ ''Update General Details"; "Update Results" ਅਤੇ "Update Service Record", ਅਧੀਨ ਸਬੰਧਤ ਵੇਰਵੇ ਮੁਕੰਮਲ ਭਰਨ ਉਪਰੰਤ Approve Data ਦਾ Button ਕਲਿਕ ਕੀਤਾ ਜਾਣਾ ਸੀ। ਪਰੰਤੂ 6054 ਅਧਿਆਪਕ (ਸੂਚੀ ਨੱਥੀ) ਅਜਿਹੇ ਹਨ ਜਿਨ੍ਹਾਂ ਨੇ ਉੱਕਤ ਵਿਧੀ ਅਨੁਸਾਰ ਆਪਣੀ ਦਰਖਾਸਤ ਨਹੀਂ ਦਿੱਤੀ।

4.2 6707 ਦਰਖਾਸਤਕਰਤਾਵਾਂ (ਸੂਚੀ ਨੱਥੀ) ਅਜਿਹੇ ਹਨ ਜਿਨ੍ਹਾਂ ਦੀ ਵੱਖ-ਵੱਖ ਜੋਨਾਂ ਵਿੱਚ ਕੀਤੀ ਸੇਵਾ ਦੇ ਸਮੇਂ ਅਤੇ ਸਿੱਖਿਆ ਵਿਭਾਗ ਵਿੱਚ ਕੀਤੀ ਗਈ ਕੁਲ ਸੇਵਾ ਦੇ ਸਮੇਂ ਵਿੱਚ ਅੰਤਰ ਹੈ।

4.3 91 ਦਰਖਾਸਤਕਰਤਾਵਾਂ (ਸੂਚੀ ਨੱਥੀ) ਅਜਿਹੇ ਹਨ ਜਿਨ੍ਹਾਂ ਦੀ ਸ਼ਿਕਾਇਤ/ ਪ੍ਰਬੰਧਕੀ ਅਧਾਰ ਤੇ ਬਦਲੀ ਕੀਤੇ ਜਾਣ ਉਪਰੰਤ ਪਾਲਿਸੀ ਦੇ ਸੋਧੇ ਹੋਏ ਪੈਰਾ 11 (ii) ਅਨੁਸਾਰ ਮੋਜੂਦਾ ਤੈਨਾਤੀ ਵਾਲੇ ਸਥਾਨ ਤੇ 3 ਸਾਲ ਦਾ ਸਮਾਂ ਪੂਰਾ ਨਹੀਂ ਹੋਇਆ ਜਿਸ ਕਾਰਨ ਇਨ੍ਹਾਂ ਦਰਖਾਸਤਾਂ ਤੇ ਵਿਚਾਰ ਕੀਤਾ ਜਾਣਾ ਨਹੀਂ ਬਣਦਾ।

4.4 Special/ Exempted Category ਅਧੀਨ ਅਪਲਾਈ ਕਰਨ ਵਾਲੇ ਕਈ ਦਰਖਾਸਤਕਰਤਾਵਾਂ ਵੱਲੋਂ ਆਪਣੀ ਆਪਣੀ Category ਨੂੰ ਤਸਦੀਕ ਕਰਦੇ ਹੋਏ ਦਸਤਾਵੇਜ ਜਾਂ ਤਾਂ ਨਾਲ ਨੱਥੀ ਨਹੀਂ ਕੀਤੇ ਅਤੇ ਜਾਂ ਪਾਲਿਸੀ ਅਨੁਸਾਰ ਲੋੜੀਂਦੇ ਦਸਤਾਵੇਜਾਂ ਦੀ ਥਾਂ ਕੋਈ ਹੋਰ ਦਸਤਾਵੇਜ ਨੱਥੀ ਕੀਤੇ ਗਏ ਹਨ।

4.5 ਇਸ ਤੋਂ ਇਲਾਵਾ ਬਹੁਤ ਸਾਰੇ ਦਰਖਾਸਤ ਕਰਤਾਵਾਂ ਵੱਲੋਂ ਆਪਣੀਆਂ ਸੇਵਾ ਨਾਲ ਸਬੰਧਤ ਹੋਰ ਵੇਰਵੇ ਜਿਵੇਂ ਕਿ ACR ਦੇ ਅੰਕ ਸਾਲ 2019-20, ਬੋਰਡ ਦੇ ਸਲਾਨਾ ਨਤੀਜੇ/ ਪੀ.ਪੀ.ਪੀ ਦੇ ਦੋ ਸਾਲਾਂ ਦੇ ਨਤੀਜੇ ਸਾਲ 2018-19 ਅਤੇ 2019-20 ਨਹੀਂ ਭਰੇ ਹਨ।

5.0 ਅਧੂਰੇ ਵੇਰਵਿਆਂ ਅਤੇ ਉਕੱਤ ਦਰਸ਼ਾਈਆਂ ਦਰਖਾਸਤਾਂ ਨੂੰ ਰੱਦ ਕੀਤੇ ਜਾਣ ਦਾ ਸਬਬ ਬਣ ਗਿਆ ਹੈ। ਪਰੰਤੂ ਉਕਤ ਸਥਿਤੀ ਨੂੰ ਵਿਚਾਰ ਕਰਨ ਉਪਰੰਤ ਵਿਭਾਗ ਵੱਲੋਂ ਇਹ ਮਹਿਸੂਸ ਕੀਤਾ ਗਿਆ ਹੈ ਕਿ ਅਧਿਆਪਕਾਂ, ਕੰਪਿਊਟਰ ਫੈਕਲਟੀ ਅਤੇ Education Provider, EGS/AIE/STR Volunteers ਦੇ ਹਿੱਤਾਂ ਅਤੇ ਪਾਲਿਸੀ ਨੂੰ ਸੁਚਾਰੂ ਅਤੇ ਵਧੇਰੇ ਪਾਰਦਰਸ਼ੀ ਵਿੱਧੀ ਨਾਲ ਲਾਗੂ ਕਰਨ ਲਈ ਅਧਿਆਪਕਾਂ ਨੂੰ ਇਨ੍ਹਾਂ ਤਰੁੱਟੀਆਂ ਨੂੰ ਦੂਰ ਕਰਨ ਲਈ ਇੱਕ ਅਖਿਰੀ ਮੋਕਾ ਦੇ ਦੇਣਾ ਬਣਦਾ ਹੈ।

6.0 ਉਪਰੋਕਤ ਦੇ ਸਨਮੁੱਖ ਵਿਸ਼ੇਸ਼ ਤੌਰ ਤੇ, ਉਪਰੋਕਤ ਦਰਖਾਸਤਕਰਤਾਵਾਂ ਨੂੰ ਅਤੇ ਆਮ ਤੌਰ ਤੇ, ਸਮੂਹ ਦਰਖਾਸਤਕਰਤਾਵਾਂ ਨੂੰ ਆਪਣੀ ਪ੍ਰਤੀਬੇਨਤੀਆਂ ਵਿੱਚ ਹੋਈਆਂ ਤਰੁੱਟੀਆਂ ਨੂੰ ਦੂਰ ਕਰਨ ਲਈ ਮਿਤੀ 19.02.2021 ਤੱਕ ਇੱਕ ਹੋਰ ਮੌਕਾ ਦਿੱਤਾ ਜਾਂਦਾ ਹੈ।

7.0 ਇਸ ਤੋਂ ਇਲਾਵਾ ਜੇਕਰ ਕੋਈ ਅਧਿਆਪਕ, ਕੰਪਿਊਟਰ ਫੈਕਲਟੀ ਜਾਂ Education Provider, EGS/AIE/STR Volunteer ਤਬਾਦਲੇ ਲਈ ਬੇਨਤੀ ਕਰਨ ਤੋਂ ਵਾਂਝਾ ਰਹਿ ਗਿਆ ਹੈ ਤਾਂ ਉਹ ਵੀ ਮਿਤੀ 19.02.2021 ਤੱਕ ਅਪਲਾਈ ਕਰ ਸਕਦਾ ਹੈ।

8.0 ਜੇਕਰ ਕਿਸੇ ਅਧਿਆਪਕ ਨੂੰ ਤਰੁੱਟੀਆਂ ਦੂਰ ਕਰਨ ਵਿੱਚ ਦਿਕੱਤ ਪੇਸ਼ ਆਉਂਦੀ ਹੈ ਤਾਂ ਉਹ ਜਿਲਾ ਐਮ.ਆਈ.ਐਸ ਜਾਂ ਬਲਾਕ ਐਮ.ਆਈ.ਐਸ ਕੋਅਰਡੀਨੇਟਰ ਦੀ ਮਦਦ ਲੈ ਸਕਦਾ ਹੈ, ਜਿਨ੍ਹਾਂ ਦੀ ਫੋਨ ਨੰਬਰਾਂ ਦੀ ਸੂਚੀ ਨਾਲ ਨੱਥੀ ਹੈ।

**ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ।**